**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।**
ਬਲਾਕ-ਈ.ਪੀ.ਐਸ.ਈ.ਬੀ. ਕੰਪਲੈਕਸ,ਵਿੱਦਿਆ ਭਵਨ,ਛੇਵੀਂ ਮੰਜਿਲ,ਫੇਜ-8,ਮੋਹਾਲੀ ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਸਮੂਹ ਡੀ.ਐਮ./ਬੀ.ਐਮ. (ਕੰਪਿਊਟਰ ਸਾਇੰਸ)
ਸਮੂਹ ਕੰਪਿਊਟਰ ਸਾਇੰਸ ਪੜ੍ਹਾਉਂਦੇ ਅਧਿਆਪਕ (ਵੈਬਸਾਈਟ ਰਾਹੀਂ)

**ਪੱਤਰ ਨੰ:** SCERT/Gen/Comp./2021282453 **ਮਿਤੀ :** 19/8/2021

**ਵਿਸ਼ਾ : ਕੰਪਿਊਟਰ ਸਾਇੰਸ ਵਿਸ਼ੇ ਲਈ ਬੁਨਿਆਦਿ (Stage-1) ਦੇ Academic ਅਤੇ Infrastructral Parameters ਨਿਰਧਾਰਿਤ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਰਕਾਰੀ ਸਮਾਰਟ ਸਕੂਲਾਂ ਵਿੱਚ ਸਥਾਪਿਤ ਸਮਾਰਟ ਕੰਪਿਊਟਰ ਲੈਬਜ਼ ਨੂੰ ਸੁੰਦਰ ਅਤੇ ਆਕਰਸ਼ਿਤ ਬਣਾਉਣ ਦੇ ਨਾਲ-ਨਾਲ ਕੰਪਿਊਟਰ ਸਾਇੰਸ ਵਿਸ਼ੇ ਨੂੰ ਹੋਰ ਪ੍ਰਫੁੱਲਤ ਕਰਨ ਲਈ ਕੰਪਿਊਟਰ ਲੈਬ ਸਬੰਧੀ ਕੁੱਝ ਬੁਨਿਆਦਿ (Stage-1) Academic ਅਤੇ Infrastructural Parameters ਤਿਆਰ ਕੀਤੇ ਗਏ ਹਨ ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**Infrastructural Parameters Stage-I :-**

1. ਕੰਪਿਊਟਰ ਲੈਬ ਸਾਫ-ਸੁਥਰੀ ਹੋਣੀ ਚਾਹੀਦੀ ਹੈ ਅਤੇ ਰੌਸ਼ਨੀ ਦਾ ਵਧੀਆ ਪ੍ਰਬੰਧ ਹੋਣਾ ਚਾਹੀਦਾ ਹੈ।
2. ਕੰਪਿਊਟਰ ਲੈਬ ਦੀ ਵਰਤੋਂ ਨਾ ਹੋਣ ਦੀ ਸੂਰਤ ਵਿੱਚ ਕੰਪਿਊਟਰ ਹਾਰਡਵੇਅਰ ਨੂੰ ਢੱਕ ਕੇ (ਕਵਰ ਕਰਕੇ) ਰੱਖਿਆ ਜਾਵੇ।
3. ਕੰਪਿਊਟਰ ਲੈਬ ਵਿੱਚ ਖਾਣ-ਪੀਣ ਦੀਆਂ ਵਸਤਾਂ ਨਾ ਰੱਖੀਆਂ ਜਾਣ।
4. ਕੰਪਿਊਟਰ ਲੈਬ ਵਿੱਚ ਨਾ-ਵਰਤਣਯੋਗ ਅਤੇ ਹੋਰ ਕਿਸੇ ਕਿਸਮ ਦਾ ਫਾਲਤੂ ਸਮਾਨ (ਜੋ ਲੈਬ ਨਾਲ ਸਬੰਧਤ ਨਹੀਂ ਹੈ) ਨਾ ਰੱਖਿਆ ਜਾਵੇ।
5. ਕੰਪਿਊਟਰ ਲੈਬ ਦੇ ਨੋਟਿਸ ਬੋਰਡ ਤੇ ਮਹੀਨਾਵਾਰ ਸਿਲੇਬਸ, ਟਾਈਮ ਟੇਬਲ (ਥਿਊਰੀ+ਪ੍ਰੈਕਟੀਕਲ), ਐਕਟੀਵਿਟੀ ਸ਼ਡਿਊਲ, ਅਧਿਕਾਰੀਆਂ ਅਤੇ ਸੀਐਫ਼ ਦੇ ਕੰਟੈਕਟ ਨੰਬਰ ਆਦਿ ਲਗਾਏ ਜਾਣ।
6. ਕੰਪਿਊਟਰ ਲੈਬ ਵਿੱਚ DOs & DON'Ts ਹਦਾਇਤਾਂ ਸਬੰਧੀ ਚਾਰਟ ਲਗਾਇਆ ਜਾਵੇ।
7. ਕੰਪਿਊਟਰ ਲੈਬ ਦੇ ਕੰਪਿਊਟਰਾਂ ਵਿੱਚ ਕੋਈ ਵੀ ਨਿੱਜੀ ਡਾਟਾ ਨਾ ਰੱਖਿਆ ਜਾਵੇ।
8. ਕੰਪਿਊਟਰ ਲੈਬ ਦੀ ਕੇਬਲ ਮੈਨੇਜਮੈਂਟ ਅਤੇ ਹਾਰਡਵੇਅਰ ਮੈਨੇਜਮੈਂਟ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।
9. ਕੰਪਿਊਟਰ ਲੈਬ ਵਿੱਚ ਮੌਜੂਦ ਸਾਰੇ ਕੰਪਿਊਟਰਜ਼ ਆਪਸੀ ਨੈਟਵਰਕਿੰਗ, ਇੰਟਰਨੈਟ, ਅਰਥਿੰਗ ਨਾਲ ਜੋੜੇ ਜਾਣ ਅਤੇ ਚਾਲੂ ਹਾਲਤ ਵਿੱਚ ਰੱਖੇ ਜਾਣ ਅਤੇ ਖਰਾਬ ਹਾਰਡਵੇਅਰ/ਇੰਟਰਨੈਟ/LAN ਦੀ ਐਂਟਰੀ ਹਾਰਡਵੇਅਰ ਸਟੇਟਸ ਰਜ਼ਿਸਟਰ ਵਿੱਚ ਕੀਤੀ ਜਾਵੇ।
10. ਕੰਪਿਊਟਰ ਲੈਬ ਵਿੱਚ ਪ੍ਰੋਜੈਕਟਰ/ਸਮਾਰਟ ਟੀ.ਵੀ. ਅਤੇ ਵਾਈਟ ਬੋਰਡ ਦੀ ਜਰੂਰਤ ਅਨੁਸਾਰ ਵਰਤੋਂ ਜਰੂਰ ਕੀਤੀ ਜਾਵੇ।
11. ਕੰਪਿਊਟਰ ਲੈਬ ਵਿੱਚ ਬਾਲਾ ਵਰਕ, ਫਲੈਕਸ,ਚਾਰਟ, Exhaust Fan, Fire Extinguisher, Wall Clock ਆਦਿ ਲਗਾਏ ਜਾਣ।
12. ਕੰਪਿਊਟਰ ਲੈਬ ਨਾਲ ਸਬੰਧਤ ਹਰ ਤਰਾਂ ਦੇ ਹਾਰਡਵੇਅਰ ਦੀ ਐਂਟਰੀ ਸਟਾਕ ਰਜ਼ਿਸਟਰ ਵਿੱਚ ਦਰਜ ਕਰਨੀ ਯਕੀਨੀ ਬਣਾਈ ਜਾਵੇ ਅਤੇ ਹਰ ਸਾਲ ਸਟਾਕ ਵੈਰੀਫਾਈ ਕਰਵਾਇਆ ਜਾਵੇ।
13. ਕੰਪਿਊਟਰ ਲੈਬ ਵਿੱਚ ਹਾਰਡਵੇਅਰ ਕਾਰਨਰ ਅਤੇ ਵਰਕਿੰਗ ਮਾਡਲ ਕਾਰਨਰ (ਸੁਵਿਧਾ ਅਨੁਸਾਰ) ਸਥਾਪਿਤ ਕੀਤਾ ਜਾਵੇ। ਜੇਕਰ ਜਗ੍ਹਾਂ ਦੀ ਘਾਟ ਹੋਵੇ ਤਾਂ ਇਹ ਕਿਸੇ ਕਲਾਸ ਰੂਮ ਵਿੱਚ ਵੀ ਸਥਾਪਿਤ ਕੀਤੇ ਜਾ ਸਕਦੇ ਹਨ।
14. ਕੰਪਿਊਟਰ ਲੈਬ ਦੇ ਫਰਨੀਚਰ ਦੀ ਪੂਰੀ ਸਾਂਭ-ਸੰਭਾਲ ਕੀਤੀ ਜਾਵੇ।
15. ਯੂ.ਪੀ.ਐਸ. ਨਾਲ ਕੰਪਿਊਟਰਜ਼ ਤੋਂ ਇਲਾਵਾ ਪ੍ਰਿੰਟਰ ਆਦਿ ਹੋਰ ਕੰਪੋਨੈਂਟ ਨਾ ਜੋੜਿਆ ਜਾਵੇ।

Scanned with CamScanner

**Academic Parameters Stage-I:-**

1. ਕੰਪਿਊਟਰ ਸਾਇੰਸ ਦਾ ਸਿਲੇਬਸ, ਮਹੀਨਾਵਰ ਸਿਲੇਬਸ ਅਨੁਸਾਰ ਪੂਰਾ ਕਰਵਾਇਆ ਜਾਵੇ।
2. ਵਿਦਿਆਰਥੀਆਂ ਦੀਆਂ ਪ੍ਰਯੋਗੀ ਕਲਾਸਾਂ ਵੱਲ ਵਿਸ਼ੇਸ਼ ਧਿਆਨ ਦਿਤਾ ਜਾਵੇ ਅਤੇ ਹਰ ਪ੍ਰੈਕਟੀਕਲ ਪੀਰੀਅਡ ਦੀ ਐਕਟੀਵੀਟੀ ਰਜਿਸਟਰ ਵਿਚ ਦਰਜ ਕੀਤੀ ਜਾਵੇ।
3. ਕੰਪਿਊਟਰ ਸਾਇੰਸ ਵਿਸ਼ੇ ਦੇ ਟਾਈਮ ਟੇਬਲ ਵਿਚ ਪ੍ਰਯੋਗੀ ਅਤੇ ਥਿਊਰੀ ਦੇ ਪੀਰਿਅਡ ਅਲੱਗ ਅਲੱਗ ਨਿਰਧਾਰਤ ਕੀਤੇ ਜਾਣ।
4. ਵਿਦਿਆਰਥੀਆਂ ਦੇ ਸਮੇਂ ਸਮੇਂ ਤੇ ਲਏ ਜਾਣ ਵਾਲੇ (ਆਨਲਾਈਨ+ਆਫ਼ਲਾਈਨ) ਟੈਸਟਾਂ ਦੀ ਰਿਪੋਰਟ ਬਣਾ ਕੇ ਰਿਕਾਰਡ ਵਿਚ ਰੱਖੀ ਜਾਵੇ।
5. ਕੰਪਿਊਟਰ ਸਾਇੰਸ ਨਾਲ ਸਬੰਧਤ ਸਮੇਂ ਸਮੇਂ ਤੇ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਰਿਪੋਰਟ ਰਿਕਾਰਡ ਵਿਚ ਰੱਖੀ ਜਾਵੇ।
6. ਕੰਪਿਊਟਰ ਲੈਬ ਇੰਚਾਰਜ ਦੇ ਸਕੂਲ ਵਿੱਚ ਮੋਜੂਦ ਨਾ ਹੋਣ ਦੀ ਸੂਰਤ ਵਿੱਚ ਸਕੂਲ ਦੇ ਬਾਕੀ ਕੰਪਿਊਟਰ ਫੈਕਲਟੀਜ਼ ਨੂੰ ਲੈਬ ਦੇ ਸਮੂਚੇ ਰਿਕਾਰਡ ਸਬੰਧੀ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਰਿਕਾਰਡ ਵੀ ਪੂਰਾ ਹੋਣਾ ਚਾਹੀਦਾ ਹੈ।।
7. ਸਕੂਲ ਪੱਧਰ ਤੇ ਕੰਪਿਊਟਰ ਵਿਸ਼ੇ ਨਾਲ ਸਬੰਧਤ ਕਰਵਾਈਆਂ ਗਈਆਂ ਗਤੀਵਿਧੀਆਂ/ਪ੍ਰੋਗਰਾਮ ਦੀਆਂ ਫੋਟੋਆਂ/ਵੀਡੀਓ ਸਮੇਂ ਸਮੇਂ ਤੇ ਸਕੂਲ ਦੇ ਫੇਸਬੁੱਕ ਪੇਜ ਤੇ ਅਪਲੋਡ ਕੀਤੀਆਂ ਜਾਣ।
8. ਕੰਪਿਊਟਰ ਸਾਇੰਸ ਵਿਸ਼ੇ ਦਾ ਵਿਦਿਆਰਥੀਆਂ ਨੂੰ ਦਿੱਤਾ ਗਿਆ ਲਿਖਤੀ ਕੰਮ ਚੈਕ ਕਰਨਾ ਯਕੀਨੀ ਬਣਾਇਆ ਜਾਵੇ।
9. ਸਾਈਬਰ ਸਕਿਓਰਿਟੀ ਅਤੇ ਕਰਾਈਮ, ਇੰਟਰਨੈਟ ਦੀ Safe ਵਰਤੋਂ ਬਾਰੇ ਵਿਦਿਆਰਥੀਆਂ ਨੂੰ ਸਮੇਂ ਸਮੇਂ ਤੇ ਜਾਣਕਾਰੀ ਦਿੱਤੀ ਜਾਵੇ।
10. ਗੂਗਲ ਕੰਪਨੀ ਦੀਆਂ ਆਨਲਾਈਨ ਫਰੀ ਐਪਸ (SHEETS, DOCS, SLIDES, GMAIL, DRIVE, FORMS, KEEP, SITES, CALENDAR, CONTACTS) ਦੀ ਵਰਤੋਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇ।

ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੰਪਿਊਟਰ ਲੈਬ ਸਬੰਧੀ ਉਪਰੋਕਤ parameters ਨੂੰ ਅਮਲ ਵਿੱਚ ਲਿਆਉਣਾ ਯਕੀਨੀ ਬਣਾਈਆ ਜਾਵੇ।

19/8/21

ਡਾਇਰੈਕਟਰ
ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।

ਪਿੱਠ ਅੰਕਣ ਨੰ: ਉੱਕਤ — ਮਿਤੀ: 19/8/2021

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਡਿਪਟੀ ਐਸ.ਪੀ.ਡੀ. (ਆਈ.ਸੀ.ਟੀ.), ਪੰਜਾਬ।

19/8/21

ਡਾਇਰੈਕਟਰ
ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।

Scanned with CamScanner